**'ਮਹਿਕ ਵਤਨ ਦੀ ਲਾਈਵ' ਦਾ ਕੈਨੇਡਾ ਐਡੀਸ਼ਨ ਸ਼ੁਰੂ ਹੋਣ 'ਤੇ ਅਦਾਰੇ ਨੂੰ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਮੂਹ ਪੰਜਾਬੀ ਪਾਠਕਾਂ ਨੂੰ ਕੋਟਿ-ਕੋਟਿ ਮੁਬਾਰਕਾਂ !**



# ਡੇਰਾ ਬਾਬਾ ਸ੍ਰੀ ਚੰਦ ਜੀ ਚੁੱਘਾ ਖੁਰਦ

**ਸਾਧ ਸੰਗਤ ਜੀ ਡੇਰੇ ਦੀ ਕਾਰ ਸੇਵਾ ਆਰੰਭ ਹੈ। ਇਸ ਕਾਰ ਸੇਵਾ ਵਿਚ ਯੋਗਦਾਨ ਪਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

## ਬਾਬਾ ਭੋਲਾ ਭਗਤ ਜੀ ਚੁੱਘਾ ਖੁਰਦ

ਧਰਮਕੋਟ ਤੋਂ ਤਕਰੀਬਨ ਅੱਠ ਕਿਲੋਮੀਟਰ ਅਤੇ ਮੋਗਾ ਧਰਮਕੋਟ ਰੋਡ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਚੁੱਘਾ ਖੁਰਦ ਸਥਿਤ ਹੈ। ਇਸ ਪਿੰਡ ਵਿਚ ਬਾਬਾ ਸ੍ਰੀ ਚੰਦ ਜੀ ਦਾ ਡੇਰਾ ਹੈ, ਜਿਸ ਦੇ ਮੁੱਖ ਸੇਵਾਦਾਰ ਭੋਲਾ ਭਗਤ ਜੀ ਹਨ, ਜਿਨ੍ਹਾਂ ਦਾ ਜਨਮ ਇਕ ਸਤੰਬਰ ਉਨੀ ਸੌ ਸੱਠ ਈਸਵੀ ਨੂੰ ਚੁੱਘਾ ਖੁਰਦ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਰੌਣਕੀ ਰਾਮ ਅਤੇ ਮਾਤਾ ਦਾ ਨਾਮ ਮਾਇਆ ਦੇਵੀ ਸੀ। ਭੋਲਾ ਭਗਤ ਜੀ ਨੇ ਮੁੱਢਲੀ ਵਿੱਦਿਆ ਤੋਂ ਲੈ ਕੇ ਦੱਸਵੀਂ ਤੱਕ ਪਿੰਡ ਕੜਿਆਲ ਵਿਖੇ ਪ੍ਰਾਪਤ ਕੀਤੀ। ਆਪ ਨੂੰ ਸਟੇਟ ਬੈਂਕ ਪਟਿਆਲਾ ਵਿਚ ਆਰਜ਼ੀ ਤੌਰ 'ਤੇ ਛੇ ਮਹੀਨੇ ਤੱਕ ਨੌਕਰੀ ਕੀਤੀ, ਜੋ ਰਾਸ ਨਾ ਆਈ ਅਤੇ ਆਪ ਗੁਰੂ ਘਰ ਦੀ ਸੇਵਾ ਵਿਚ ਉਨੀ ਸੌ ਅਠੱਤਰ ਤੋਂ ਰੁੱਝ ਗਏ ਜੋ ਨਿਰੰਤਰ ਅੱਜ ਤੱਕ ਕਰਦੇ ਆ ਰਹੇ ਹਨ। ਭੋਲਾ ਭਗਤ ਜੀ ਦੀ ਸ਼ਾਦੀ ਅੱਠ ਫਰਵਰੀ ਉਨੀ ਸੌ ਅਠਾਸੀ ਨੂੰ ਸੰਦੀਪ ਰਾਣੀ ਨਾਲ ਕੈਲ ਪੁਰ ਬੜੈਚ, ਜ਼ਿਲ੍ਹਾ ਲੁਧਿਆਣਾ ਵਿਚ ਹੋਈ। ਆਪ ਦੇ ਘਰ ਪ੍ਰਭਜੋਤ, ਕਮਲਦੀਪ ਸ਼ਰਮਾ, ਅਮਨਜੋਤ ਪੈਦਾ ਹੋਏ। ਆਪ ਉਨੀ ਸੌ ਬਾਨਵੇਂ ਤੋਂ ਗੁਰੂ ਨਾਨਕ ਪਬਲਿਕ ਸਕੂਲ ਚੁੱਘਾ ਕਲਾਂ ਵਿਖੇ ਜੋ ਦੱਸਵੀਂ ਤੱਕ ਹੈ, ਚਲਾ ਰਹੇ ਹਨ। ਇਥੇ ਸਹਿਜ ਪਾਠਾਂ ਦੀਆਂ ਲੜੀਆਂ, ਦੋ ਹਜ਼ਾਰ ਤੋਂ ਚੱਲ ਰਹੀਆਂ ਹਨ। ਇਸ ਜਗ੍ਹਾ 'ਤੇ ਸਾਲ ਵਿਚ ਤਿੰਨ ਭੰਡਾਰੇ ਕਰਵਾਏ ਜਾਂਦੇ ਹਨ, ਪਹਿਲਾਂ ਸ੍ਰੀ ਚੰਦਰ ਨੌਮੀ, ਦੂਸਰਾ ਧੂਣਾ ਦਿਵਸ ਅਤੇ ਤੀਸਰਾ ਮਾਘ ਨੂੰ ਸਰੋਵਰ ਦਾ ਨੀਂਹ ਪੱਥਰ ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਇਥੇ ਕੋਈ ਧਾਗਾ ਤਵੀਤ ਨਹੀਂ ਦਿੱਤਾ ਜਾਂਦਾ। ਨਸ਼ਿਆਂ ਦਾ ਤਿਆਗ ਅਤੇ ਦਾਜ ਵਰਗੀ ਭਿਆਨਕ ਬਿਮਾਰੀ ਤੋਂ ਦੂਰ ਰਹਿਣ ਲਈ ਪ੍ਰੇਰਿਆ ਜਾਂਦਾ ਹੈ। ਬਾਬਾ ਜੀ ਨੇ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਵੀ ਕੀਤੀਆਂ, ਹਰ ਐਤਵਾਰ ਭੰਡਾਰਾ ਹੁੰਦਾ ਹੈ, ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਬਾਬਾ ਸ੍ਰੀ ਚੰਦ ਜੀ ਡੇਰਾ ਸਰਕਾਰੀ ਪ੍ਰਾਇਮਰੀ ਸਕੂਲ ਨੇੜੇ ਹੈ, ਜਿਥੇ ਪਹਿਲਾਂ ਵਣ ਕਰੀਰ, ਮਲ੍ਹੇ, ਫੁੱਲ ਟਹਿਕ ਰਹੇ ਹੁੰਦੇ ਸਨ। ਬਾਬਾ ਜੀ ਨੇ ਫੁੱਲਾਂ ਦੀ ਮਹਿਕ ਅਤੇ ਜੰਗਲ ਦਾ ਦ੍ਰਿਸ਼ ਦੇਖ ਇਸ ਜਗ੍ਹਾ ਦੀ ਚੋਣ ਕੀਤੀ ਕਿਉਂ ਜੋ ਪਹਿਲਾਂ ਬਾਬਾ ਸ੍ਰੀ ਚੰਦ ਜੀ ਦਾ ਨਿਵਾਸ ਵੀ ਜੰਗਲਾਂ ਵਿਚ ਹੁੰਦਾ ਰਿਹਾ ਹੈ। ਬਾਬਾ ਭੋਲਾ ਭਗਤ ਜੀ ਸਾਦੇ ਜੀਵਨ ਨੂੰ ਪਸੰਦ ਕਰਦੇ ਹਨ। ਸੰਗਤਾਂ ਨੂੰ ਉਪਦੇਸ਼ ਸਾਦਾ ਜੀਵਨ ਜੀਣ ਲਈ ਅਤੇ ਪ੍ਰਮਾਤਮਾ ਦਾ ਭੈ ਅਤੇ ਉਸ ਦੇ ਭਾਣੇ ਨੂੰ ਮੰਨਣ ਲਈ ਪ੍ਰੇਰਦੇ ਹਨ। ਇਸ ਜਗ੍ਹਾ 'ਤੇ ਸੁੰਦਰ ਸਰੋਵਰ ਬਣਿਆ ਹੈ। ਸੰਗਤਾਂ ਉਸ ਵਿਚ ਇਸ਼ਨਾਨ ਕਰਦੀਆਂ ਹਨ।



**ਮੁੱਖ ਸੇਵਾਦਾਰ**

# ਬਾਬਾ ਭੋਲਾ ਭਗਤ ਜੀ (ਰਵਿੰਦਰ ਕੁਮਾਰ)

**ਫ਼ੋਨ 98147-73672**